# ਪ੍ਰੈਸ ਰਿਲੀਜ਼

**ਸਿੱਖਿਆ ਮੰਤਰਾਲਾ ਭਾਰਤੀ ਭਾਸ਼ਾ ਉਤਸਵ ਸ਼ੁਰੂ ਕਰੇਗਾ ਅਤੇ 30 ਸਤੰਬਰ 2023 ਤੇ 1 ਅਕਤੂਬਰ 2023 ਨੂੰ "ਤਕਨਾਲੋਜੀ ਅਤੇ ਭਾਰਤੀ ਭਾਸ਼ਾਵਾਂ ਉੱਤੇ ਦੋ-ਰੋਜ਼ਾ ਸਿਖਰ ਸੰਮੇਲਨ ਦਾ ਆਯੋਜਨ ਕਰੇਗਾ।**

ਸਿੱਖਿਆ ਮੰਤਰਾਲਾ **ਭਾਰਤੀ ਭਾਸ਼ਾ ਉਤਸਵ** ਦੀ ਸ਼ੁਰੂਆਤ ਕਰ ਰਿਹਾ ਹੈ ਅਤੇ 28 ਸਤੰਬਰ 2023 ਤੋਂ ਸ਼ੁਰੂ ਹੋਣ ਵਾਲੇ 75 ਦਿਨਾਂ ਦੇ ਭਾਰਤੀ ਭਾਸ਼ਾ ਉਤਸਵ ਦੇ ਹਿੱਸੇ ਵਜੋਂ 30 ਸਤੰਬਰ 2023 ਅਤੇ 1 ਅਕਤੂਬਰ 2023 ਨੂੰ **"ਟੈਕਨਾਲੋਜੀ ਅਤੇ ਭਾਰਤੀ ਭਾਸ਼ਾਵਾਂ** ਵਿਸ਼ੇ ਉੱਤੇ ਦੋ-ਰੋਜ਼ਾ ਸਿਖਰ ਸੰਮੇਲਨ ਦਾ ਆਯੋਜਨ ਕਰਨ ਜਾ ਰਿਹਾ ਹੈ। ਸਿਖਰ ਸੰਮੇਲਨ ਦਾ ਉਦਘਾਟਨ ਮਾਨਯੋਗ ਸਿੱਖਿਆ ਮੰਤਰੀ ਸ਼੍ਰੀ ਧਰਮਿੰਦਰ ਪ੍ਰਧਾਨ ਦੁਆਰਾ ਬਾਬਾ ਸਾਹਿਬ ਡਾ.ਬੀ.ਆਰ. ਅੰਬੇਡਕਰ ਇੰਟਰਨੈਸ਼ਨਲ ਸੈਂਟਰ, ਡਾ: ਰਾਜਿੰਦਰ ਪ੍ਰਸਾਦ ਰੋਡ, ਨਵੀਂ ਦਿੱਲੀ ਵਿਖੇ ਭਾਰਤੀ ਭਾਸ਼ਾ ਉਤਸਵ ਦੇ ਇਕ ਭਾਗ ਵਜੋਂ  ਕੀਤਾ ਜਾਵੇਗਾ। ਮੁੱਖ ਭਾਸ਼ਣ ਕਾਂਚੀਪੁਰਮ ਦੇ ਆਈਆਈਆਈਟੀ-ਡੀਐਮ ਦੇ ਬੋਰਡ ਆਫ਼ ਗਵਰਨਰਜ਼ ਦੇ ਚੇਅਰਮੈਨ ਸ਼੍ਰੀ ਸ਼੍ਰੀਧਰ ਵੈਂਬੂ ਅਤੇ ਜ਼ੋਹੋ ਕਾਰਪੋਰੇਸ਼ਨ ਦੇ ਸੀਈਓ ਦੁਆਰਾ ਦਿੱਤਾ ਜਾਵੇਗਾ।

ਸੰਮੇਲਨ ਵਿੱਚ ਤਿੰਨ ਵਿਸ਼ੇਗਤ ਸੈਸ਼ਨ ਹੋਣਗੇ ਜਿਵੇਂ ਕਿ, (i) ਭਾਰਤੀ ਭਾਸ਼ਾਵਾਂ ਲਈ ਟੈਕਨਾਲੋਜੀ (ii) ਭਾਰਤੀ ਭਾਸ਼ਾਵਾਂ ਵਿੱਚ ਟੈਕਨਾਲੋਜੀ, ਅਤੇ (iii) ਭਾਰਤੀ ਭਾਸ਼ਾਵਾਂ ਰਾਹੀਂ ਟੈਕਨਾਲੋਜੀ। ਵਿਸ਼ੇ ਦੇ ਪਹਿਲੂਆਂ ਦਾ ਉਦੇਸ਼ ਸਿਖਲਾਈ, ਸੇਵਾਂ ਤੋਂ ਪਹਿਲਾਂ ਜਾਂ ਸੇਵਾ ਦੌਰਾਨ ਅਧਿਆਪਕਾਂ ਦੀ ਟਰੇਨਿੰਗ, ਪਾਠਪੁਸਤਕ ਲੇਖਕਾਂ, ਪਰੀਖਿਅਕਾਂ ਅਤੇ ਮਾਹਰਾਂ ਸਮੇਤ ਅਧਿਆਪਨ ਦੇ ਖੇਤਰਾਂ ਵਿੱਚ ਭਾਰਤੀ ਭਾਸ਼ਾ ਲਈ ਟੈਕਨਾਲੋਜੀ ਦੀ ਵਰਤੋਂ ਕਰਨਾ, ਪੁਰਸਕਾਰਾਂ ਦੀ ਵੰਡ ਰਾਹੀਂ ਭਾਰਤੀ ਭਾਸ਼ਾ ਵਿੱਚ ਗਿਆਨ ਅਤੇ ਨਿਪੁੰਨਤਾ ਦੀ ਜਾਂਚ ਕਰਨਾ, ਅਧਿਆਪਨ-ਸਿਖਲਾਈ ਸਮੱਗਰੀ ਦਾ ਅਨੁਵਾਦ ਕਰਨਾ ਅਤੇ ਅਖੀਰ ਵਿੱਚ, ਜਿਵੇਂ ਕਿ ਐਨਈਪੀ-2020 ਵਿੱਚ ਕਲਪਨਾ ਕੀਤੀ ਗਈ ਹੈ, ਸਿੱਖਿਆ ਦੇ ਮੌਜੂਦਾ ਇਕੋਸਿਸਟਮ ਤੋਂ ਭਾਰਤੀ ਭਾਸ਼ਾ ਇਕੋਸਿਸਟਮ  ਇੱਕ ਸੁਚਾਰੂ ਤਬਦੀਲੀ ਨੂੰ ਯਕੀਨੀ ਬਣਾਉਣਾ।

ਦੋ ਰੋਜਾ ਸਿਖਰ ਸੰਮੇਲਨ ਦੌਰਾਨ, ਸਿੱਖਿਆ ਦੇ ਖੇਤਰ ਵਿੱਚ ਸਾਰੇ ਹਿੱਤਧਾਰਕਾਂ ਦੁਆਰਾ ਅਮਲ ਲਈ ਭਾਰਤੀ ਭਾਸ਼ਾਵਾਂ ਵਿੱਚ ਸਿੱਖਿਆ ਦੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਲਈ ਇੱਕ ਰੋਡਮੈਪ  ਤਿਆਰ ਕੀਤਾ ਜਾਵੇਗਾ। ਉਮੀਦ ਹੈ ਕਿ ਸੰਮੇਲਨ ਵਿੱਚ ਵੱਖ-ਵੱਖ ਪੇਸ਼ਿਆਂ ਅਤੇ ਖੇਤਰਾਂ ਜਿਵੇਂ ਕਿ ਅਕਾਦਮਿਕ, ਵਿਦਿਆਰਥੀ, ਖੋਜ ਵਿਸ਼ੇਸ਼ੱਗ, ਐਜੂਟੈਕ ਅਤੇ ਇਨਫੋਟੈਕ ਉਦਯੋਗ, ਤਕਨੀਕੀ ਮਾਹਰ, ਮੀਡੀਆ ਅਤੇ ਫ੍ਰੀਲਾਂਸਰ ਆਦਿ ਦੇ ਲਗਭਗ 1000 ਵਿਅਕਤੀ ਸ਼ਾਮਲ ਹੋਣਗੇ। ਸਿਖਰ ਸੰਮੇਲਨ ਦਾ ਆਯੋਜਨ ਸਿੱਖਿਆ ਮੰਤਰਾਲੇ (ਐਮਓਈ), ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ (ਐਮਐਸਡੀਈ) ਅਤੇ ਉਨ੍ਹਾਂ ਦੇ ਸੰਘਟਕ ਸੰਸਥਾਵਾਂ ਜਿਵੇਂ ਕਿ, ਭਾਰਤੀ ਭਾਸ਼ਾ ਸੰਸਥਾਨ (ਸੀਆਈਆਈਐਲ), ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ), ਰਾਸ਼ਟਰੀ ਵਿਦਿਅਕ ਟੈਕਨਾਲੋਜੀ ਫੋਰਮ (ਐਨਈਟੀਐਫ), ਆਲ ਇੰਡੀਆ ਕਾਉਂਸਿਲ ਫਾਰ ਟੈਕਨੀਕਲ ਐਜੂਕੇਸ਼ਨ (ਏਆਈਸੀਟੀਈ), ਨੈਸ਼ਨਲ ਸੈਂਟਰ ਫਾਰ ਵੋਕੇਸ਼ਨਲ ਐਂਡ ਟੈਕਨੀਕਲ ਐਜੂਕੇਸ਼ਨ (ਐਨਸੀਵੀਟੀਈ), ਨੈਸ਼ਨਲ ਕੌਂਸਲ ਫਾਰ ਟੀਚਰਜ਼ ਐਜੂਕੇਸ਼ਨ (ਐਨਸੀਟੀਈ), ਭਾਰਤੀ ਭਾਸ਼ਾ ਸਮਿਤੀ (ਬੀਬੀਐਸ), ਆਦਿ ਦੁਆਰਾ ਕੀਤਾ ਗਿਆ ਹੈ। ਵੇਰਵੇ ਸਿਖਰ ਸੰਮੇਲਨ ਦੀ ਵੈੱਬਸਾਈਟ 'ਤੇ ਉਪਲਬਧ ਹਨ: https://technology-bharatiyabhasha.aicte-india.org